BRAMPTON

**Media Release**

ਤੁਰੰਤ ਰਿਲੀਜ਼ ਲਈ

# ਯਕੀਨੀ ਬਣਾਓ ਕਿ ਤੁਹਾਡੀਆਂ ਛੁੱਟੀਆਂ ਮਜ਼ੇਦਾਰ ਹੋਣ – ਅੱਗ ਸਬੰਧੀ ਅਤੇ ਇਲੈਕਟ੍ਰੀਕਲ ਸੁਰੱਖਿਆ ਤੇ ਪੂਰਾ ਧਿਆਨ ਦੇਣਾ ਯਾਦ ਰੱਖੋ

***ਬ੍ਰੈਂਪਟਨ ਫਾਇਰ ਐਂਡ ਐਮਰਜੈਂਸੀ ਸਰਵਿਸਿਜ, 2020 ਹੋਲੀਡੇ ਸੇਫਟੀ ਮੁਹਿੰਮ ਸ਼ੁਰੂ ਕਰ ਰਹੀ ਹੈ***

ਬ੍ਰੈਂਪਟਨ, ਓਨਟੈਰੀਓ (1 ਦਸੰਬਰ, 2020) – ਛੁੱਟੀਆਂ ਆਉਣ ਵਾਲੀਆਂ ਹਨ, ਬ੍ਰੈਂਪਟਨ ਫਾਇਰ ਐਂਡ ਐਮਰਜੈਂਸੀ ਸਰਵਿਸਿਜ (Brampton Fire and Emergency Services), ਨਿਵਾਸੀਆਂ ਨੂੰ ਅੱਗ ਸਬੰਧੀ ਅਤੇ ਇਲੈਕਟ੍ਰੀਕਲ ਸੁਰੱਖਿਆ ਤੇ ਬਹੁਤ ਜ਼ਿਆਦਾ ਧਿਆਨ ਦੇਣ ਦੀ ਸਲਾਹ ਦਿੰਦਾ ਹੈ।

ਇਲੈਕਟ੍ਰੀਕਲ ਉਪਕਰਨ, ਓਨਟੈਰੀਓ ਵਿੱਚ ਘਰਾਂ ਵਿੱਚ ਅੱਗ ਦੀਆਂ ਘਟਨਾਵਾਂ ਦਾ ਮੁੱਖ ਕਾਰਨ ਹਨ। ਇਸ ਛੁੱਟੀਆਂ ਦੇ ਸੀਜਨ ਵਿੱਚ ਖੁਦ ਨੂੰ ਅਤੇ ਆਪਣੇ ਪਿਆਰਿਆਂ ਨੂੰ ਸੁਰੱਖਿਅਤ ਰੱਖਣ ਲਈ, ਅੱਗ ਸਬੰਧੀ ਅਤੇ ਇਲੈਕਟ੍ਰੀਕਲ ਸੁਰੱਖਿਆ ਦੇ ਇਹਨਾਂ ਉਪਾਵਾਂ ਦੀ ਪਾਲਣਾ ਕਰੋ:

- ਕੋਰਡਸ ਦੀ ਖ਼ਰਾਬੀ ਦੀ ਜਾਂਚ ਕਰੋ, ਜਿਵੇਂ ਕਿ ਘਸ ਜਾਣਾ। ਖ਼ਰਾਬ ਕੋਰਡ, ਬਿਜਲੀ ਦੀਆਂ ਤਾਰਾਂ ਨਾਲ ਲੱਗ ਕੇ ਸੰਭਾਵੀ ਝਟਕੇ ਜਾਂ ਅੱਗ ਲੱਗਣ ਦੇ ਖਤਰੇ ਦਾ ਕਾਰਨ ਬਣ ਸਕਦੀ ਹੈ।
- ਗਲੀਚਿਆਂ ਦੇ ਹੇਠਾਂ ਕੋਰਡਸ ਸੰਚਾਲਿਤ ਨਾ ਕਰੋ, ਜੋ ਕੋਰਡ ਨੂੰ ਖ਼ਰਾਬ ਕਰਕੇ ਅੱਗ ਲੱਗਣ ਦਾ ਕਾਰਨ ਬਣ ਸਕਦੇ ਹਨ।
- ਸਿਰਫ਼ ਅਸਥਾਈ ਕਨੈਕਸ਼ਨਾਂ ਵਾਸਤੇ ਹੀ ਐਕਸਟੈਨਸ਼ਨ ਕੋਰਡਸ ਵਰਤੋ। ਜੇਕਰ ਸਥਾਈ ਤਾਰਾਂ ਲਗਾਉਣ ਦੀ ਲੋੜ ਹੈ, ਤਾਂ ਲਾਇਸੈਂਸਸ਼ੁਦਾ ਇਲੈਕਟ੍ਰੀਸ਼ੀਅਨ ਤੋਂ ਵਾਧੂ ਆਊਟਲੈਟ ਇੰਸਟਾਲ ਕਰਵਾਓ।
- ਐਕਸਟੈਨਸ਼ਨ ਕੋਰਡਸ ਨੂੰ ਇਕੱਠੇ ਨਾ ਜੋੜੋ – ਅਜਿਹੀ ਐਕਸਟੈਨਸ਼ਨ ਕੋਰਡ ਵਰਤੋ, ਜੋ ਕੰਮ ਕਰਨ ਲਈ ਪੂਰੀ ਲੰਮੀ ਹੋਵੇ।

ਇਸ ਬਾਰੇ ਹੋਰ ਜਾਣਕਾਰੀ ਲਈ ਕਿ ਛੁੱਟੀਆਂ ਵਿੱਚ ਸੁਰੱਖਿਅਤ ਕਿਵੇਂ ਰਿਹਾ ਜਾਵੇ, www.bramptonfire.com ਤੇ ਜਾਓ।

**ਹਵਾਲੇ**

"ਅਸੀਂ ਛੁੱਟੀਆਂ ਦਾ ਜਸ਼ਨ ਮਨਾ ਰਹੇ ਹਾਂ, ਆਓ ਯਕੀਨੀ ਬਣਾਈਏ ਕਿ ਅਸੀਂ ਅਜਿਹਾ ਸੁਰੱਖਿਅਤ ਰੂਪ ਨਾਲ ਕਰ ਰਹੇ ਹਾਂ। ਬ੍ਰੈਂਪਟਨ ਫਾਇਰ ਐਂਡ ਐਮਰਜੈਂਸੀ ਸਰਵਿਸਿਜ ਵਿਖੇ ਸਾਡੀ ਟੀਮ ਕੋਲ, ਇਸ ਸੀਜਨ ਤੁਹਾਨੂੰ ਅਤੇ ਤੁਹਾਡੇ ਪਿਆਰਿਆਂ ਨੂੰ ਸੁਰੱਖਿਅਤ ਰੱਖਣ ਵਿੱਚ ਮਦਦ ਲਈ ਬਹੁਤ ਸਾਰੇ ਸੁਝਾਅ ਹਨ। ਇਸ ਬਾਰੇ ਹੋਰ ਜਾਣਕਾਰੀ ਲਈ ਸਾਡੀ ਵੈਬਸਾਈਟ ਤੇ ਜਾਓ ਕਿ ਇਸ ਸਾਲ ਤੁਸੀਂ ਸੁਰੱਖਿਅਤ ਰਹਿ ਕੇ, ਛੁੱਟੀਆਂ ਦਾ ਅਨੰਦ ਕਿਵੇਂ ਮਾਣ ਸਕਦੇ ਹੋ!"

– *ਪੈਟਰਿਕ ਬ੍ਰਾਊਨ (Patrick Brown), ਮੇਅਰ, ਸਿਟੀ ਆਫ ਬ੍ਰੈਂਪਟਨ*

"ਸਿਹਤਮੰਦ ਅਤੇ ਸੁਰੱਖਿਅਤ ਭਾਈਚਾਰੇ ਨੂੰ ਯਕੀਨੀ ਬਣਾਉਣਾ, ਸਿਟੀ ਆਫ ਬ੍ਰੈਂਪਟਨ ਦੀ ਮੁੱਖ ਤਰਜੀਹ ਹੈ। ਇਸ ਸੀਜਨ, ਯਕੀਨੀ ਬਣਾਓ ਕਿ ਤੁਹਾਡੇ ਕੋਲ ਅੱਗ ਸਬੰਧੀ ਅਤੇ ਇਲੈਕਟ੍ਰੀਕਲ ਸੁਰੱਖਿਆ ਬਾਰੇ ਉਹ ਜਾਣਕਾਰੀ ਹੈ, ਜਿਸਦੀ ਤੁਹਾਨੂੰ ਛੁੱਟੀਆਂ ਵਿੱਚ ਲੋੜ ਹੈ, ਤਾਂ ਜੋ ਤੁਸੀਂ ਘਰ ਵਿੱਚ ਆਰਾਮ ਨਾਲ, ਆਪਣੇ ਪਿਆਰਿਆਂ ਦੇ ਨਾਲ ਇਸ ਸਮੇਂ ਦਾ ਅਨੰਦ ਮਾਣ ਸਕੋ।"

– *ਰੋਏਨਾ ਸੈਨਟੋਸ (Rowena Santos), ਰੀਜਨਲ ਕਾਊਂਸਲਰ, ਵਾਰਡਸ 1 ਅਤੇ 5; ਚੇਅਰ, ਕਮਿਊਨਿਟੀ ਸਰਵਿਸਿਜ, ਸਿਟੀ ਆਫ ਬ੍ਰੈਂਪਟਨ*

"ਇਸ ਸਾਲ, ਕਿਉਂਕਿ ਅਸੀਂ ਛੁੱਟੀਆਂ ਦੇ ਦੌਰਾਨ ਪੂਰਾ ਸਮਾਂ ਘਰ ਵਿੱਚ ਹੀ ਬਿਤਾ ਰਹੇ ਹਾਂ, ਇਸਲਈ ਅਸੀਂ ਨਿਵਾਸੀਆਂ ਨੂੰ ਸਲਾਹ ਦਿੰਦੇ ਹਾਂ ਕਿ ਉਹ ਅੱਗ ਸਬੰਧੀ ਅਤੇ ਇਲੈਕਟ੍ਰੀਕਲ ਸੁਰੱਖਿਆ ਤੇ ਧਿਆਨ ਦੇਣ। ਸੁਰੱਖਿਆ ਸਬੰਧੀ ਸੁਝਾਵਾਂ ਲਈ ਸਾਡੀ ਵੈਬਸਾਈਟ ਤੇ ਜਾਓ ਅਤੇ ਯਕੀਨੀ ਬਣਾਓ ਕਿ ਸਾਲ ਦੇ ਇਸ ਖਾਸ ਸਮੇਂ ਦੇ ਦੌਰਾਨ ਤੁਹਾਡਾ ਪਰਿਵਾਰ ਸੁਰੱਖਿਅਤ ਹੈ।"

– *ਬਿਲ ਬੋਏਸ (Bill Boyes), ਫਾਇਰ ਚੀਫ, ਬ੍ਰੈਂਪਟਨ ਫਾਇਰ ਐਂਡ ਐਮਰਜੈਂਸੀ ਸਰਵਿਸਿਜ*

The Corporation of The City of Brampton
2 Wellington Street West, Brampton, ON L6Y 4R2 311 TTY: 905.874.2130

“ਸਾਡੀ ਟੀਮ, ਸਾਡੀ ਸਿਟੀ ਅਤੇ ਸਾਡੇ ਨਿਵਾਸੀਆਂ ਨੂੰ ਸੁਰੱਖਿਅਤ ਰੱਖਣ ਦਾ ਹਰ ਸੰਭਵ ਯਤਨ ਕਰਦੇ ਹੋਏ, ਰੋਜ਼ਾਨਾ ਕੰਮ ਕਰਦੀ ਹੈ। ਮੈਂ ਸਾਰੇ ਨਿਵਾਸੀਆਂ ਨੂੰ ਸਲਾਹ ਦਿੰਦਾ ਹਾਂ ਕਿ ਉਹ ਛੁੱਟੀਆਂ ਵਿੱਚ, ਅੱਗ ਸਬੰਧੀ ਅਤੇ ਇਲੈਕਟ੍ਰੀਕਲ ਸੁਰੱਖਿਆ ਬਾਰੇ ਜਾਣਨ। ਇਕੱਠੇ ਕੰਮ ਕਰਨ ਨਾਲ, ਅਸੀਂ ਅੱਗ ਦੀ ਰੋਕਥਾਮ ਨਾਲ ਤਬਦੀਲੀ ਲਿਆ ਸਕਦੇ ਹਾਂ।”

- *ਡੇਵਿਡ ਬੈਰਿਕ (David Barrick), ਚੀਫ ਐਡਮਿਨਿਸਟ੍ਰੇਟਿਵ ਅਫਸਰ, ਸਿਟੀ ਆਫ ਬ੍ਰੈਂਪਟਨ*

-30-

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਉਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca